In the name of Allah the Most Gracious the Ever Merciful
بسم اللہ الرحمن الرحیم

Press Desk
Ahmadiyya Muslim Jamaat
INTERNATIONAL
(INDIA)

شعبہ پریس اینڈ میڈیا بھارت
Office Press & Media
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

زیرحوالہ/Ref **SPM-244**
تاریخ/Date **18-09-2025**

# ਹਿਊਮੈਨਿਟੀ ਫਰਸਟ ਦੇ 30 ਸਾਲ ਪੂਰੇ – ਦੁਨੀਆ ਭਰ ਦੇ 65 ਦੇਸ਼ਾਂ ਵਿੱਚ "Walk. Run. Bike Across the Globe for Humanity" ਮੁਹਿੰਮ ਆਯੋਜਿਤ।

ਦੁਨੀਆ ਭਰ ਵਿੱਚ ਫ਼ਲਾਹੀ ਸੇਵਾਵਾਂ ਅਦਾ ਕਰਨ ਵਾਲੀ ਅੰਤਰਰਾਸ਼ਟਰੀ NGO "ਹਿਊਮੈਨਿਟੀ ਫਰਸਟ" ਇਸ ਸਾਲ ਆਪਣੇ ਕ਼ਿਆਮ ਦੇ 30 ਸਾਲ ਪੂਰੇ ਹੋਣ 'ਤੇ ਇੱਕ ਵਿਲੱਖਣ ਵਿਸ਼ਵ ਮੁਹਿੰਮ ਆਯੋਜਿਤ ਕਰ ਰਹੀ ਹੈ।

ਇਸ ਮੁਹਿੰਮ ਦਾ ਸਿਰਲੇਖ ਹੈ:

"Walk. Run. Bike Across the Globe for Humanity"

ਇਹ ਮੁਹਿੰਮ 6 ਤੋਂ 20 ਸਤੰਬਰ 2025 ਤੱਕ ਦੁਨੀਆ ਦੇ 65 ਦੇਸ਼ਾਂ ਵਿੱਚ ਇਕੱਠੇ ਆਯੋਜਿਤ ਕੀਤੀ ਜਾ ਰਹੀ ਹੈ। ਇਸ ਦਾ ਉਦੇਸ਼ ਲੋਕਾਂ ਨੂੰ ਤੁਰਨ, ਦੌੜਨ ਅਤੇ ਸਾਈਕਲਿੰਗ ਵਰਗੀਆਂ ਸਿਹਤਮੰਦ ਅਤੇ ਸਕਾਰਾਤਮਕ ਗਤੀਵਿਧੀਆਂ ਵੱਲ ਪ੍ਰੇਰਿਤ ਕਰਨਾ ਹੈ, ਤਾਂ ਜੋ ਫ਼ਲਾਹੀ ਪ੍ਰਾਜੈਕਟਾਂ ਲਈ ਜਾਗਰੂਕਤਾ ਪੈਦਾ ਹੋਵੇ ਅਤੇ ਫੰਡ ਇਕੱਠੇ ਕੀਤੇ ਜਾ ਸਕਣ।

ਹਿਊਮੈਨਿਟੀ ਫਰਸਟ, ਜਿਸ ਦਾ ਕ਼ਿਆਮ 1995 ਵਿੱਚ ਹੋਇਆ, ਪਿਛਲੇ ਤਿੰਨ ਦਹਾਕਿਆਂ ਵਿੱਚ ਦੁਨੀਆ ਭਰ ਵਿੱਚ ਸਿੱਖਿਆ, ਸਿਹਤ, ਪਾਣੀ ਦੀ ਸਪਲਾਈ, ਕੁਦਰਤੀ ਆਫ਼ਤਾਂ ਵਿੱਚ ਮਦਦ ਅਤੇ ਅਨਾਥਾਂ ਤੇ ਵਿਧਵਾਵਾਂ ਦੀ ਦੇਖਭਾਲ ਵਰਗੇ ਅਨੇਕ ਪ੍ਰਾਜੈਕਟ ਕਾਮਯਾਬੀ ਨਾਲ ਪੂਰੇ ਕਰ ਚੁੱਕੀ ਹੈ। ਅੱਜ ਇਹ ਸੰਸਥਾ ਰੰਗ, ਨਸਲ ਅਤੇ ਧਰਮ ਦਾ ਕੋਈ ਫ਼ਰਕ ਕੀਤੇ ਬਿਨਾ, ਇਨਸਾਨੀਅਤ ਦੀ ਖ਼ਿਦਮਤ ਦੇ ਜਜ਼ਬੇ ਨਾਲ 65 ਤੋਂ ਵੱਧ ਦੇਸ਼ਾਂ ਵਿੱਚ ਆਪਣੀਆਂ ਸੇਵਾਵਾਂ ਪੇਸ਼ ਕਰ ਰਹੀ ਹੈ।

ਅਹਮਦੀਆ ਮੁਸਲਿਮ ਜਮਾਤ ਆਲਮਗੀਰ ਦੇ ਸਰਬਰਾਹ ਹਜ਼ਰਤ ਮਿਰਜ਼ਾ ਮਸਰੂਰ ਅਹਮਦ (ਅਯਜਦਹੁੱਲਾਹੁ ਤਆਲਾ ਬਿਨਸਰਹਿਲ ਅਜ਼ੀਜ਼) ਦੀ ਮਹਾਨ ਰੂਹਾਨੀ ਕਿਆਦਤ ਵਿੱਚ ਇਹ ਸੰਸਥਾ ਦੁਨੀਆ ਭਰ ਵਿੱਚ ਰਫ਼ਾਹੀ ਅਤੇ ਫ਼ਲਾਹ-ਬਹਬੂਦ ਦੇ ਕੰਮ ਕਰ ਰਹੀ ਹੈ।

ਇਸ ਵਿਸ਼ਵ ਮੁਹਿੰਮ ਵਿੱਚ "ਹਿਊਮੈਨਿਟੀ ਫਰਸਟ ਇੰਡੀਆ" ਵੀ ਭਰਪੂਰ ਸ਼ਮੂਲੀਅਤ ਕਰ ਰਹੀ ਹੈ। ਭਾਰਤ ਦੇ 15 ਸੂਬਿਆਂ (ਪੰਜਾਬ, ਕੇਰਲ, ਤਮਿਲਨਾਡੂ, ਕਰਨਾਟਕ, ਤੇਲੰਗਾਨਾ, ਮਹਾਰਾਸ਼ਟਰ, ਰਾਜਸਥਾਨ, ਓਡੀਸ਼ਾ, ਬੰਗਾਲ, ਅਸਾਮ, ਜੰਮੂ ਕਸ਼ਮੀਰ, ਦਿੱਲੀ, ਹਰਿਆਣਾ, ਬਿਹਾਰ ਅਤੇ ਝਾਰਖੰਡ) ਵਿੱਚ ਇਹ ਮੁਹਿੰਮ ਬਾਕਾਇਦਾ ਆਯੋਜਿਤ ਕੀਤੀ ਜਾ ਰਹੀ ਹੈ। ਇਸ ਦੇ ਤਹਿਤ ਜਨਤਾ ਨੂੰ ਤੁਰਨ, ਦੌੜਨ ਅਤੇ ਸਾਈਕਲਿੰਗ ਰਾਹੀਂ ਸ਼ਮੂਲੀਅਤ ਲਈ ਸੱਦਾ ਦਿੱਤਾ ਜਾ ਰਿਹਾ ਹੈ, ਤਾਂ ਜੋ ਫ਼ਲਾਹੀ ਕੰਮਾਂ ਅਤੇ ਚੈਰਿਟੀ ਦੀਆਂ ਸਰਗਰਮੀਆਂ ਵਿੱਚ ਹੋਰ ਵੱਧ ਸਹਿਯੋਗ ਪ੍ਰਾਪਤ ਕੀਤਾ ਜਾ ਸਕੇ।

ਹਿਊਮੈਨਿਟੀ ਫਰਸਟ ਪੰਜਾਬ ਚੈਪਟਰ ਵੀ ਕਈ ਮਸ਼ਹੂਰ ਸੰਸਥਾਵਾਂ ਅਤੇ ਕਲੱਬਾਂ ਜਿਵੇਂ Decathlon, Fit Bikers Club, The Pedallers, Cycling Club Amritsar ਅਤੇ ਹੋਰ ਰੀਜਨਲ ਸਾਈਕਲਿੰਗ ਕਲੱਬਾਂ ਦੇ ਸਹਿਯੋਗ ਨਾਲ ਖ਼ਾਸ ਸਾਈਕਲਿੰਗ ਚੈਲੇਂਜ ਆਯੋਜਿਤ ਕਰ ਰਹੀ ਹੈ।

ਇਹ ਖ਼ਾਸ ਸਾਈਕਲਿੰਗ ਚੈਲੇਂਜ ਨਾ ਸਿਰਫ਼ ਖੇਡ ਅਤੇ ਸਿਹਤ ਨੂੰ ਵਧਾਉਣ ਲਈ ਹੈ ਬਲਕਿ ਇਸ ਦਾ ਮਕਸਦ ਜਨਤਾ ਵਿੱਚ ਫ਼ਲਾਹੀ ਜਾਗਰੂਕਤਾ ਪੈਦਾ ਕਰਨਾ ਅਤੇ ਇਨਸਾਨੀਅਤ ਦੀ ਖ਼ਿਦਮਤ ਲਈ ਵੱਧ ਤੋਂ ਵੱਧ ਲੋਕਾਂ ਨੂੰ ਅੱਗੇ ਲਿਆਉਣਾ ਹੈ।




**<u>Tariq Ahmad K</u>**
Incharge Press & Media,
Ahmadiyya Muslim Jama'at India.